# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਐਸ.ਐਸ.ਏ, ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ, ਈ. ਬਲਾਕ, ਪੰਜਵੀਂ ਮੰਜ਼ਿਲ, ਫੇਜ਼-8 ਅਜੀਤਗੜ੍ਹ
ਈ-ਮੇਲ: - aspdhr@gmail.com

ਵੱਲ

ਸਮੂਹ ਜਿਲਾ ਸਿੱਖਿਆ ਅਫਸਰ (ਐ.ਸਿੱ),
ਪੰਜਾਬ।

ਮੀਮੋ ਨੰ:- ਸਸਅ/2014/ਐਚ.ਆਰ/( )/008176
ਮਿਤੀ:ਅਜੀਤਗੜ੍ਹ 09.07.2014

ਵਿਸ਼ਾ :**ਸਿੱਖਿਆ ਪ੍ਰੋਵਾਈਡਰਾਂ ਦੀਆਂ ਬਦਲੀਆਂ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਜਿਨ੍ਹਾਂ ਸਿੱਖਿਆ ਪ੍ਰੋਵਾਈਡਰਾਂ ਨੇ ਜਿਲੇ ਦੇ ਅੰਦਰ ਬਦਲੀ ਲਈ ਬੇਨਤੀ ਨਿਰਧਾਰਤ ਪ੍ਰੋਫਾਰਮੇ ਤੇ ਸਬੰਧਤ ਦਫਤਰ ਜਿਲਾ ਸਿੱਖਿਆ ਅਫਸਰ (ਐ.ਸਿੱ) ਵਿਖੇ ਜਮਾਂ ਕਰਵਾਏ ਹਨ ਉਨ੍ਹਾਂ ਨੂੰ ਬਦਲੀ ਲਈ ਵਿਚਾਰਿਆ ਜਾਵੇਗਾ। ਸਿੱਖਿਆ ਪ੍ਰੋਵਾਈਡਰਾਂ ਦੀ ਜਿਲੇ ਦੇ ਅੰਦਰ ਬਦਲੀ ਸਬੰਧਤ ਜਿਲਾ ਸਿੱਖਿਆ ਅਫਸਰ (ਐ.ਸਿੱ) ਵਲੋਂ ਕੀਤੀ ਜਾਵੇਗੀ। ਬਦਲੀ ਕਰਨ ਵੇਲੇ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇਗਾ ਕਿ ਪਹਿਲ ਉਸ ਸਕੂਲ ਨੂੰ ਦਿੱਤੀ ਜਾਵੇਗੀ ਜਿਸ ਸਕੂਲ ਵਿੱਚੋਂ ਬੀ.ਆਰ.ਪੀ./ਡੀ.ਆਰ.ਪੀ. ਲਗਾਇਆ ਗਿਆ ਹੈ। ਜੇਕਰ ਜ਼ਿਲ੍ਹੇ ਦੇ ਕਿਸੇ ਸਕੂਲ ਵਿੱਚ ਟੀਚਿੰਗ ਸਟਾਫ ਦੀਆਂ 50% ਜਾਂ ਉਸ ਤੋਂ ਵੱਧ ਅਸਾਮੀਆਂ ਖਾਲੀ ਹਨ ਤਾਂ ਅਜਿਹੇ ਸਕੂਲਾਂ ਵਿੱਚ ਸਿੱਖਿਆ ਪ੍ਰੋਵਾਈਡਰ ਦੀ ਤੈਨਾਤੀ ਕੀਤੀ ਜਾ ਸਕਦੀ ਹੈ। ਅੰਤਰ ਜ਼ਿਲ੍ਹਾ ਬਦਲੀ ਕੇਵਲ ਆਪਸੀ ਬਦਲੀ ਦੇ ਕੇਸ ਵਿੱਚ ਹੀ ਲਾਗੂ ਹੋਵੇਗੀ, ਅਜਿਹੇ ਕੇਸਾਂ ਦੀ ਬਦਲੀ ਲਈ ਬੇਨਤੀ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ) ਮੁੱਖ ਦਫ਼ਤਰ ਨੂੰ ਮਿਤੀ 11.07.2014 ਤੱਕ ਭੇਜਣਗੇ। ਬਦਲੀ ਲਈ ਬਾਕੀ ਸ਼ਰਤਾਂ ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ) ਪੰਜਾਬ ਦੇ ਪੱਤਰ ਨੰ: ਸਟੈਨੋ/ਡੀ.ਡੀ.ਐਸ.ਏ./ ਬਦਲੀ/ਸਪੈਸ਼ਲ-1 ਮਿਤੀ 16.05.2014 ਅਨੁਸਾਰ ਹੋਣਗੀਆਂ।

ਸਹੀ/-
**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।**